Leicester Sexual Health

NHS

# ਸੀ-ਕਾਰਡ, ਮਾਪਿਆਂ / ਦੇਖਭਾਲਕਰਤਾਵਾਂ ਲਈ ਜਾਣਕਾਰੀ

ਸੀ-ਕਾਰਡ (C-Card) ਇੱਕ ਅਜਿਹਾ ਕਾਰਡ ਹੈ ਜੋ ਲੋਕਾਂ ਨੂੰ ਮੁਫ਼ਤ ਕੌਂਡਮਾਂ (ਨਿਰੋਧ) ਤੱਕ ਫੌਰੀ ਅਤੇ ਅਸਾਨ ਪਹੁੰਚ ਮੁਹੱਈਆ ਕਰਦਾ ਹੈ। ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਵਿੱਚ, ਇਹ ਸੇਵਾ ਕਿਸੇ ਵੀ 13+ ਦੀ ਉਮਰ ਵਾਲਿਆਂ ਲਈ ਉਪਲਬਧ ਹੈ।

ਇਸ ਯੋਜਨਾ ਦਾ ਉਦੇਸ਼ ਸੈਕਸ-ਸਬੰਧਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ (STIs) ਅਤੇ ਬਗੈਰ ਯੋਜਨਾ ਵਾਲੇ ਗਰਭ-ਧਾਰਨਾਂ ਦੀ ਗਿਣਤੀ ਘਟਾਉਣ ਲਈ 13 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਨੂੰ ਮੁਫ਼ਤ ਕੌਂਡਮਾਂ ਤੱਕ ਫੌਰੀ ਅਤੇ ਅਸਾਨ ਪਹੁੰਚ ਮੁਹੱਈਆ ਕਰਨਾ ਹੈ।

ਇਹ ਇੱਕ ਗੁਪਤ ਸੇਵਾ ਹੈ ਜੋ ਜਿਨਸੀ (ਯੌਨ) ਸਿਹਤ ਅਤੇ ਰਿਸ਼ਤਿਆਂ ਬਾਰੇ ਜਾਣਕਾਰੀ ਅਤੇ ਸਲਾਹ ਤੱਕ ਵੀ ਪਹੁੰਚ ਮੁਹੱਈਆ ਕਰਦੀ ਹੈ; ਇਸ ਦੇ ਨਾਲ-ਨਾਲ ਇਹ ਨੌਜਵਾਨ ਵਿਅਕਤੀਆਂ ਨੂੰ ਕਿਸੇ ਵੀ ਚਿੰਤਾਵਾਂ ਦਾ ਪ੍ਰਗਟਾਵਾ ਕਰਨ ਅਤੇ ਜੇਕਰ ਉਹ ਜੋਖਮ ਭਰੀਆਂ ਜਾਂ ਸ਼ੋਸ਼ਣ ਵਾਲੀਆਂ ਸਥਿਤੀਆਂ ਦਾ ਸਾਹਮਣਾ ਕਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਸਹਾਇਤਾ ਤੱਕ ਪਹੁੰਚ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।

ਨੌਜਵਾਨ ਵਿਅਕਤੀ ਸਕੂਲਾਂ, ਕਾਲਜਾਂ, ਫਾਰਮੇਸੀਆਂ ਅਤੇ ਸੈਕਚੂਅਲ ਹੈਲਥ ਕਲਿਨਿਕਾਂ ਸਮੇਤ ਵੱਖ-ਵੱਖ ਥਾਵਾਂ ਤੋਂ ਮੁਫ਼ਤ ਕੌਂਡਮ ਲੈਣ ਲਈ ਆਪਣੇ ਸੀ-ਕਾਰਡ ਦੀ ਵਰਤੋਂ ਕਰ ਸਕਦੇ ਹਨ। ਇਸ ਨਾਲ ਉਨ੍ਹਾਂ ਨੂੰ ਅਜਿਹੀ ਥਾਂ 'ਤੇ ਜਾਣ ਦੀ ਖੁੱਲ੍ਹ ਮਿਲਦੀ ਹੈ ਜਿੱਥੇ ਉਹ ਸਭ ਤੋਂ ਜ਼ਿਆਦਾ ਸੁਖਾਲਾ ਮਹਿਸੂਸ ਕਰਦੇ ਹਨ, ਅਤੇ ਇਸ ਨਾਲ ਉਨ੍ਹਾਂ ਵੱਲੋਂ ਉਸ ਸਮੇਂ ਕੌਂਡਮਾਂ ਤੱਕ ਪਹੁੰਚ ਕਰਨ ਦੀ ਸੰਭਾਵਨਾ ਵਧਦੀ ਹੈ ਜਦੋਂ ਉਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੁੰਦੀ ਹੈ।

ਸਾਨੂੰ ਪਤਾ ਹੈ ਕਿ ਕੁਝ ਮਾਪਿਆਂ ਅਤੇ ਦੇਖਭਾਲਕਰਤਾਵਾਂ ਨੂੰ ਸੀ-ਕਾਰਡ ਯੋਜਨਾ ਬਾਰੇ ਪ੍ਰਸ਼ਨ ਹੋ ਸਕਦੇ ਹਨ, ਹੇਠਾਂ ਸਾਡੀ ਟੀਮ ਸਭ ਤੋਂ ਆਮ ਪੁੱਛੇ ਜਾਂਦੇ ਪ੍ਰਸ਼ਨਾਂ ਦਾ ਉਤਰ ਦਿੰਦੀ ਹੈ:

## ਕੀ ਮਾਪਿਆਂ/ਦੇਖਭਾਲਕਰਤਾਵਾਂ ਦੀ ਸਹਿਮਤੀ ਤੋਂ ਬਗੈਰ 16 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਕੌਂਡਮ ਦੇਣਾ ਕਾਨੂੰਨੀ ਹੈ?

ਹਾਂ, 16 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਜਿਸ ਤਰ੍ਹਾਂ ਨਾਲ ਸੀ-ਕਾਰਡ ਕੌਂਡਮ ਮੁਹੱਈਆ ਕੀਤੇ ਜਾਂਦੇ ਹਨ ਉਹ ਕਾਨੂੰਨੀ ਹੈ। ਜਦੋਂ ਇੱਕ ਨੌਜਵਾਨ ਵਿਅਕਤੀ ਨੂੰ ਸੀ-ਕਾਰਡ ਲਈ ਰਜਿਸਟਰ ਕੀਤਾ ਜਾਂਦਾ ਹੈ, ਤਾਂ ਰਜਿਸਟ੍ਰੇਸ਼ਨ ਸਬੰਧੀ ਗੱਲਬਾਤ ਕਿਸੇ ਅਜਿਹੇ ਵਿਅਕਤੀ ਵੱਲੋਂ ਕੀਤੀ ਜਾਵੇਗੀ ਜਿਸ ਨੂੰ ਨੌਜਵਾਨ ਵਿਅਕਤੀ ਦੀ ਸਮਝ ਅਤੇ ਯੋਗਤਾ ਦਾ ਮੁਲਾਂਕਣ ਕਰਨ ਵਿੱਚ ਸਿਖਲਾਈ ਪ੍ਰਾਪਤ ਹੁੰਦੀ ਹੈ; ਉਹ ਫਰੇਜ਼ਰ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਕਰਦਿਆਂ ਅਜਿਹਾ ਕਰਨਗੇ।

"ਫਰੇਜ਼ਰ ਸਮਰੱਥ" ਸਮਝੇ ਜਾਣ ਲਈ ਇੱਕ ਨੌਜਵਾਨ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਸਾਰੀ ਜਾਣਕਾਰੀ ਅਤੇ ਕਿਸੇ ਵੀ ਜੋਖਮਾਂ ਨੂੰ ਸਮਝਣ, ਅਤੇ ਫੇਰ ਚੋਣ ਕਰਨ ਲਈ ਇਸ ਜਾਣਕਾਰੀ ਨੂੰ ਵਰਤਣ ਦੇ ਸਮਰੱਥ ਹੋਣਾ ਚਾਹੀਦਾ ਹੈ। ਫਰੇਜ਼ਰ ਦਿਸ਼ਾ-ਨਿਰਦੇਸ਼ਾਂ ਨੂੰ 16 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਜਿਨਸੀ ਸਿਹਤ ਅਤੇ ਗਰਭ-ਨਿਰੋਧ ਸੇਵਾਵਾਂ ਦੀ ਵਿਵਸਥਾ ਦੇ ਸਬੰਧ ਵਿੱਚ ਉਚੇਚੇ ਤੌਰ 'ਤੇ ਤਿਆਰ ਕੀਤਾ ਗਿਆ ਸੀ, ਅਤੇ ਇਸ ਤਰ੍ਹਾਂ ਉਹ ਸਾਰੇ ਕਾਨੂੰਨ ਪਹਿਲੂਆਂ ਨੂੰ ਪੂਰੀ ਤਰ੍ਹਾਂ ਸ਼ਾਮਲ ਕਰਦੇ ਹਨ।

ਜੇ ਨੌਜਵਾਨ ਵਿਅਕਤੀ ਦਾ ਨਾਮ ਰਜਿਸਟਰ ਕਰਨ ਵਾਲੇ ਵਿਅਕਤੀ ਨੂੰ ਉਨ੍ਹਾਂ ਦੀ ਸਿਹਤ ਜਾਂ ਸੁਰੱਖਿਆ ਬਾਰੇ ਚਿੰਤਾ ਹੈ, ਤਾਂ ਇਹ ਯਕੀਨੀ ਬਣਾਉਣ ਲਈ ਹਵਾਲਾ ਦਿੱਤਾ ਜਾਵੇਗਾ ਕਿ ਨੌਜਵਾਨ ਵਿਅਕਤੀ ਨੂੰ ਅਜਿਹੀ ਕੋਈ ਵੀ ਸਹਾਇਤਾ ਮਿਲੇ ਜਿਸ ਦੀ ਲੋੜ ਹੈ। ਇਸ ਹਵਾਲੇ ਦੀ ਪ੍ਰਕਿਰਿਆ ਵਿੱਚ ਇੱਕ ਪੇਸ਼ੇਵਰ ਵੱਲੋਂ ਨੌਜਵਾਨ ਵਿਅਕਤੀ ਨੂੰ ਸੁਰੱਖਿਅਤ ਰੱਖਣ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਤੁਹਾਨੂੰ ਜਾਣੂ ਕਰਵਾਉਣਾ, ਅਤੇ ਪ੍ਰਕਿਰਿਆ ਵਿੱਚ ਤੁਹਾਨੂੰ ਨਾਲ ਜੋੜਨਾ ਸ਼ਾਮਲ ਹੁੰਦਾ ਹੈ।

## ਤੁਸੀਂ ਸਹਿਮਤੀ ਦੇਣ ਲਈ ਘੱਟ ਉਮਰ ਵਾਲੇ ਨੌਜਵਾਨਾਂ ਨੂੰ ਕੌਂਡਮ ਕਿਉਂ ਦਿੰਦੇ ਹੋ?

ਹਾਲਾਂਕਿ ਯੂ.ਕੇ. ਵਿੱਚ ਸਹਿਮਤੀ ਦੇਣ ਲਈ ਕਾਨੂੰਨੀ ਉਮਰ 16 ਸਾਲ ਹੈ, ਪਰ ਅਸੀਂ ਜਾਣਦੇ ਹਾਂ ਕਿ ਕੁਝ ਨੌਜਵਾਨ ਵਿਅਕਤੀ ਛੋਟੀ ਉਮਰ ਵਿੱਚ ਪਹਿਲੀ ਵਾਰੀ ਸੈਕਸ ਕਰਨਗੇ ਜਾਂ ਸੈਕਸ ਕਰਨ ਬਾਰੇ ਵਿਚਾਰ ਕਰਨਗੇ। ਰਜਿਸਟ੍ਰੇਸ਼ਨ ਕਰਨ ਵਾਲਾ ਵਿਅਕਤੀ ਹਮੇਸ਼ਾ ਸਹਿਮਤੀ ਦੀ ਉਮਰ ਅਤੇ ਇਸ ਦੇ ਅਰਥ ਬਾਰੇ ਚਰਚਾ ਕਰੇਗਾ। ਜਦੋਂ ਤੱਕ ਨੌਜਵਾਨ ਵਿਅਕਤੀ ਨੂੰ ਫਰੇਜ਼ਰ ਸਮਰੱਥ (ਉੱਪਰ ਦਿੱਤੇ ਢਾਂਚੇ ਦੀ ਵਰਤੋਂ ਕਰਦੇ ਹੋਏ) ਸਮਝਿਆ ਜਾਂਦਾ ਹੈ, ਉਦੋਂ ਤੱਕ ਉਨ੍ਹਾਂ ਦੀ ਸੀ-ਕਾਰਡ ਤੱਕ ਪਹੁੰਚ ਹੋਵੇਗੀ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਵਿੱਚ ਮਦਦ ਲਈ ਹੁੰਦੀ ਹੈ।

## ਕੀ ਤੁਸੀਂ ਨੌਜਵਾਨ ਵਿਅਕਤੀਆਂ ਨੂੰ ਸੈਕਸ ਕਰਨ ਲਈ ਉਤਸ਼ਾਹਿਤ ਕਰ ਰਹੇ ਹੋ?

ਨਹੀਂ, ਨੌਜਵਾਨ ਵਿਅਕਤੀਆਂ ਨੂੰ ਕੋਂਡਮਾਂ ਤੱਕ ਪਹੁੰਚ ਕਰਨ ਅਤੇ ਸੀ-ਕਾਰਡ ਰਜਿਸਟ੍ਰੇਸ਼ਨ ਸਬੰਧੀ ਗੱਲਬਾਤ ਕਰਨ ਦਾ ਮੌਕਾ ਦੇਣਾ, ਉਨ੍ਹਾਂ ਨੂੰ ਉੱਚ ਮਿਆਰੀ, ਦਰੁਸਤ ਜਿਨਸੀ ਸਿਹਤ ਜਾਣਕਾਰੀ ਅਤੇ ਸਲਾਹ ਲੈਣ ਦੇ ਸਮਰੱਥ ਬਣਾਉਂਦਾ ਹੈ; ਅਤੇ ਇਸ ਬਾਰੇ ਉਨ੍ਹਾਂ ਦੀ ਸੁਚਿਤ ਫੈਸਲੇ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਕੀ ਉਹ ਸੈਕਸ ਕਰਨ ਲਈ (ਖੁਦ ਨੂੰ) ਤਿਆਰ ਮਹਿਸੂਸ ਕਰਦੇ ਹਨ।

ਜੇਕਰ ਫੇਰ ਇੱਕ ਨੌਜਵਾਨ ਵਿਅਕਤੀ ਸੈਕਸ ਕਰਨ ਦਾ ਫੈਸਲਾ ਕਰਦਾ ਹੈ, ਤਾਂ ਉਨ੍ਹਾਂ ਕੋਲ ਅਣ-ਇੱਛਤ ਗਰਭ-ਅਵਸਥਾ ਅਤੇ ਸੈਕਸ-ਸਬੰਧਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਲਈ ਕੋਂਡਮਾਂ ਤੱਕ ਪਹੁੰਚ ਹੁੰਦੀ ਹੈ, ਇਹ ਪਤਾ ਹੁੰਦਾ ਹੈ ਕਿ ਕੋਂਡਮਾਂ ਨੂੰ ਸਹੀ ਤਰ੍ਹਾਂ ਨਾਲ ਕਿਵੇਂ ਵਰਤਣਾ ਹੈ, ਅਤੇ ਉਨ੍ਹਾਂ ਨੂੰ ਇਸ ਬਾਰੇ ਪਤਾ ਹੁੰਦਾ ਹੈ ਕਿ ਜੇਕਰ ਉਨ੍ਹਾਂ ਨੂੰ ਲੋੜ ਪੈਂਦੀ ਹੈ ਤਾਂ ਸਹਾਇਤਾ ਕਿੱਥੋਂ ਅਤੇ ਕਿਵੇਂ ਪ੍ਰਾਪਤ ਕਰਨੀ ਹੈ।

ਸੀ-ਕਾਰਡ ਅਕਸਰ ਇੱਕ ਵਿਦਿਅਕ ਸੈਸ਼ਨ ਨਾਲ ਮੁਹੱਈਆ ਕੀਤਾ ਜਾਂਦਾ ਹੈ, ਜਿੱਥੇ ਨੌਜਵਾਨ ਵਿਅਕਤੀ ਸਿਹਤਮੰਦ ਰਿਸ਼ਤਿਆਂ ਅਤੇ ਦੇਰੀਆਂ ਦੇ ਨਾਲ-ਨਾਲ ਸੈਕਸ ਕਰਨ ਦੇ ਸੰਭਾਵੀ ਸਿੱਟਿਆਂ (ਗਰਭਅਵਸਥਾ ਅਤੇ ਸੈਕਸ-ਸਬੰਧਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ) ਵਰਗੇ ਵਿਸ਼ਿਆਂ ਬਾਰੇ ਸਿੱਖਦਾ ਹੈ ਅਤੇ ਉਨ੍ਹਾਂ ਕੋਲ ਇਨ੍ਹਾਂ ਬਾਰੇ ਚਰਚਾ ਕਰਨ ਦਾ ਮੌਕਾ ਹੁੰਦਾ ਹੈ।

## ਜੇ ਮੈਨੂੰ ਆਪਣੇ ਘਰ ਵਿੱਚ ਸੀ-ਕਾਰਡ ਮਿਲਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਘਰ ਵਿੱਚ ਸੀ-ਕਾਰਡ ਮਿਲਦਾ ਹੈ ਤਾਂ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੁੰਦੀ। ਜੇ ਤੁਹਾਨੂੰ ਸੈਕਸ ਅਤੇ ਰਿਸ਼ਤਿਆਂ ਬਾਰੇ ਖੁੱਲ੍ਹ ਕੇ ਗੱਲ ਕਰਨਾ ਸੁਖਾਲਾ ਲੱਗਦਾ ਹੈ, ਤਾਂ ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਵਧੀਆ ਹੁੰਦਾ ਹੈ ਕਿ ਤੁਹਾਡੇ ਬੱਚਿਆਂ, ਜਾਂ ਨੌਜਵਾਨ ਵਿਅਕਤੀਆਂ, ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ, ਨੂੰ ਇਹ ਪਤਾ ਹੁੰਦਾ ਹੈ ਕਿ ਉਹ ਤੁਹਾਡੇ ਨਾਲ ਗੱਲ ਕਰ ਸਕਦੇ ਹਨ; ਪਰ ਇਹ ਵੀ ਮਹੱਤਵਪੂਰਨ ਹੈ ਕਿ ਉਹ ਵੀ ਸੁਖਾਲਾ ਮਹਿਸੂਸ ਕਰਨ।

ਉਨ੍ਹਾਂ ਨੂੰ ਮਹਿਜ਼ ਇਹ ਗੱਲ ਦੱਸੋ ਕਿ ਜੇਕਰ ਉਹ ਕਿਸੇ ਵਿਸ਼ੇ ਬਾਰੇ ਗੱਲ ਕਰਨੀ ਚਾਹੁੰਦੇ ਹਨ ਤਾਂ ਤੁਸੀਂ ਹਮੇਸ਼ਾਂ ਉਨ੍ਹਾਂ ਦੀ ਗੱਲ ਸੁਣੋਗੇ ਅਤੇ ਕਦੇ ਵੀ ਉਨ੍ਹਾਂ ਬਾਰੇ ਪਰਖ ਨਹੀਂ ਕਰੋਗੇ। ਆਪਣੇ ਖੁਦ ਦੇ ਨਿੱਜੀ ਤਜਰਬੇ ਸਾਂਝੇ ਨਾ ਕਰਕੇ ਆਪਣੀ ਗੱਲਬਾਤ ਨੂੰ ਸੁਵਿਧਾਜਨਕ ਰੱਖੋ; ਅਤੇ ਜੇ ਕਦੇ ਤੁਹਾਡੇ ਤੋਂ ਇੱਕ ਅਜਿਹਾ ਪ੍ਰਸ਼ਨ ਪੁੱਛਿਆ ਜਾਂਦਾ ਹੈ ਜਿਸ ਦਾ ਉੱਤਰ ਤੁਸੀਂ ਨਹੀਂ ਜਾਣਦੇ, ਤਾਂ ਸਾਡੇ ਵਰਗੀ ਸਾਖ ਵਾਲੀ ਵੈਬਸਾਈਟ ਦੀ ਵਰਤੋਂ ਕਰਦਿਆਂ ਇਕੱਠੇ ਮਿਲ ਕੇ ਇਸ ਦਾ ਉੱਤਰ ਲੱਭੋ!

## ਜਿਸ ਸਕੂਲ ਵਿੱਚ ਉਹ ਜਾਂਦੇ ਹਨ ਜੇ ਉਹ ਸੀ-ਕਾਰਡ ਯੋਜਨਾ ਦਾ ਹਿੱਸਾ ਹੈ ਤਾਂ ਕੀ ਮੈਨੂੰ ਦੱਸਿਆ ਜਾਵੇਗਾ?

ਕੁਝ ਸਕੂਲ ਜੇ ਸੀ-ਕਾਰਡ ਸੇਵਾਵਾਂ ਦੀ ਪੇਸ਼ਕਸ਼ ਸ਼ੁਰੂ ਕਰਦੇ ਹਨ ਤਾਂ ਉਹ ਮਾਪਿਆਂ ਨੂੰ ਇਸ ਬਾਰੇ ਦੱਸਣ ਦੀ ਚੋਣ ਕਰਨਗੇ, ਪਰ ਕੁਝ ਅਜਿਹਾ ਨਹੀਂ ਵੀ ਕਰਨਗੇ।

ਸਕੂਲ ਨਰਸਿੰਗ ਟੀਮਾਂ ਵਰਗੀਆਂ ਹੋਰ ਸੇਵਾਵਾਂ ਵੀ ਸਕੂਲਾਂ ਦੇ ਅੰਦਰ ਆਪਣੀ ਪੇਸ਼ਕਸ਼ ਦੇ ਹਿੱਸੇ ਵੱਜੋਂ ਸੀ-ਕਾਰਡ ਦੀ ਪੇਸ਼ਕਸ਼ ਕਰ ਸਕਦੀਆਂ ਹਨ, ਇਸ ਲਈ ਸੀ-ਕਾਰਡ ਜ਼ਿਆਦਾਤਰ ਵਿਦਿਅਕ ਥਾਵਾਂ ਵਿੱਚ ਉਪਲਬਧ ਹੈ।